## ਮੇਰੇ - ਮੇਰੇ ਦਾ ਦੇਹ -ਅਭਿਮਾਨ ਛੱਡ ਬ੍ਰਹਮਾ ਬਾਪ ਦੇ ਕਦਮ ਤੇ ਕਦਮ ਰੱਖੋ

`ਅੱਜ ਬਾਪਦਾਦਾ ਆਪਣੇ ਚਾਰੋਂ ਪਾਸੇ ਦੇ ਸ਼੍ਰੇਸ਼ਠ ਬ੍ਰਾਹਮਣ ਆਤਮਾਵਾਂ ਨੂੰ ਦੇਖ ਰਹੇ ਹਨ। ਬ੍ਰਾਹਮਣ ਮਤਲਬ ਬ੍ਰਹਮਾ ਮੁਖ ਵੰਸ਼ਾਵਲੀ। ਹਰ ਬ੍ਰਾਹਮਣ ਆਤਮਾ ਦੇ ਭਾਗ ਨੂੰ ਦੇਖ ਬਾਪਦਾਦਾ ਵੀ ਹਰਸ਼ਿਤ ਹੁੰਦੇ ਹਨ। ਹਰ ਬ੍ਰਾਹਮਣ ਆਤਮਾ ਨੂੰ ਜਨਮਦੇ ਹੀ ਖੁਦ ਬ੍ਰਹਮਾ ਬਾਪ ਦਵਾਰਾ ਮਸਤੱਕ ਵਿੱਚ ਸਮ੍ਰਿਤੀ ਦਾ ਤਿਲਕ ਲੱਗਦਾ ਹੈ। ਖੁਦ ਭਗਵਾਨ ਤਿਲਕਧਾਰੀ ਬਣਾਉਂਦੇ ਹਨ। ਨਾਲ -ਨਾਲ ਹਰ ਬ੍ਰਾਹਮਣ ਆਤਮਾ ਨੂੰ ਪਵਿੱਤਰਤਾ ਦੇ ਮਹਾਮੰਤਰ ਦਵਾਰਾ ਲਾਇਟ ਦਾ ਤਾਜ ਧਾਰਨ ਕਰਾਉਂਦੇ ਹਨ ਅਤੇ ਨਾਲ -ਨਾਲ ਹਰ ਬ੍ਰਾਹਮਣ ਆਤਮਾ ਨੂੰ ਵਿਸ਼ਵ ਕਲਿਆਣਕਾਰੀ ਆਤਮਾ ਬਣਾਕੇ ਜ਼ਿਮੇਵਾਰੀ ਦਾ ਤਾਜ ਧਾਰਨ ਕਰਾਉਂਦੇ ਹਨ। ਡਬਲ ਤਾਜ ਹੈ ਅਤੇ ਭਗਵਾਨ ਖੁਦ ਆਪਣੇ ਦਿਲ ਤਖ਼ਤਨਸ਼ੀਨ ਬਣਾਉਂਦੇ ਹਨ। ਜੋ ਜਨਮਦੇ ਹੀ ਤਿਲਕ, ਤਾਜ ਅਤੇ ਤਖ਼ਤਨਸ਼ੀਨ ਬਣ ਜਾਂਦੇ ਹਨ। ਅਜਿਹਾ ਸ਼੍ਰੇਸ਼ਠ ਭਾਗ ਸਾਰੇ ਕਲਪ ਵਿੱਚ ਕੋਈ ਆਤਮਾ ਦਾ ਨਹੀਂ ਹੋ ਸਕਦਾ। ਤਾਂ ਇੰਨੇ ਸ਼੍ਰੇਸ਼ਠ ਭਾਗ ਦੀ ਸਮ੍ਰਿਤੀ ਰਹਿੰਦੀ ਹੈ ਕਿ ਅਸੀਂ ਬ੍ਰਾਹਮਣ ਜਨਮਦੇ ਹੀ ਇਵੇਂ ਦੇ ਭਾਗਵਾਨ ਬਣਦੇ ਹਾਂ ? ਤੁਸੀਂ ਬ੍ਰਾਹਮਣਾਂ ਦੀ ਨਿਸ਼ਾਨੀ ਦੁਨੀਆਂ ਵਾਲੀਆਂ ਨੇ ਸ਼੍ਰੀਕ੍ਰਿਸ਼ਨ ਵਿੱਚ ਦਿਖਾ ਦਿੱਤੀ ਹੈ। ਪਰ ਉਹ ਵਿਸ਼ਵ ਦਾ ਰਾਜਕੁਮਾਰ ਹੈ ਇਸਲਈ ਰਾਜ ਦੀ ਨਿਸ਼ਾਨੀ ਤਿਲਕ, ਤਾਜ, ਤਖ਼ਤ ਦਿੰਦੇ ਹਨ। ਫਿਰ ਵੀ ਉਸਨੂੰ ਛੋਟੇਪਨ ਵਿੱਚ ਤਿਲਕ ਤਾਜ, ਤਖ਼ਤ ਨਹੀਂ ਮਿਲਦਾ ਪਰ ਤੁਸੀਂ ਬ੍ਰਾਹਮਣਾਂ ਨੂੰ ਤਿਲਕ, ਤਾਜ ਅਤੇ ਤਖ਼ਤ ਤਿੰਨੋ ਹੀ ਮਿਲਦੇ ਹਨ। ਪਰਮਾਤਮਾ ਬਾਪ ਦਵਾਰਾ ਇਹ ਤਿੰਨੋ ਪ੍ਰਾਪਤੀਆਂ ਹੋਣਾ ਇਹ ਸਿਰਫ਼ ਬ੍ਰਾਹਮਣਾਂ ਦੇ ਭਾਗ ਵਿੱਚ ਹੀ ਹਨ। ਤਾਂ ਬਾਪਦਾਦਾ ਦੇਖ ਰਹੇ ਸੀ ਕਿ ਮੇਰੇ ਬੱਚਿਆਂ ਦਾ ਕਿੰਨਾ ਵੱਡਾ ਭਾਗ ਦਾ ਸਿਤਾਰਾ ਹਰ ਇੱਕ ਦੇ ਮਸਤੱਕ ਤੇ ਚਮਕ ਰਿਹਾ ਹੈ। ਅਜਿਹਾ ਭਾਗ ਦਾ ਸਿਤਾਰਾ ਤੁਹਾਨੂੰ ਆਪਣੇ ਵਿੱਚ ਦਿਖਾਈ ਦਿੰਦਾ ਹੈ? ਸਦਾ ਚਮਕਦਾ ਹੋਇਆ ਦਿਖਾਈ ਦਿੰਦਾ ਹੈ ਜਾਂ ਕਦੀ ਬਹੁਤ ਵਧੀਆ ਚਮਕਦਾ ਹੈ ਅਤੇ ਕਦੀ ਸਿਤਾਰੇ ਦੀ ਚਮਕ ਘੱਟ ਹੋ ਜਾਂਦੀ ਹੈ? ਇਹ ਭਾਗ ਦਾ ਸਿਤਾਰਾ ਵਚਿੱਤਰ ਸਿਤਾਰਾ ਹੈ। ਤਾਂ ਬਾਪਦਾਦਾ ਤੁਸੀਂ ਸਭ ਬੱਚਿਆਂ ਨੂੰ ਜਦੋਂ ਵੀ ਦੇਖਦੇ ਹਨ, ਮਿਲਦੇ ਹਨ ਤਾਂ ਹਰ ਇੱਕ ਬੱਚੇ ਦੇ ਮੱਥੇ ਵਿੱਚ ਸਿਤਾਰਾ ਚਮਕਦਾ ਹੋਇਆ ਦੇਖ ਹਰਸ਼ਿਤ ਹੁੰਦੇ ਹਨ। ਸਿਤਾਰਾ ਚਮਕਦੇ - ਚਮਕਦੇ ਚਮਕ ਘੱਟ ਕਿਉਂ ਹੁੰਦੀ ਹੈ? ਉਸਦੇ ਕਾਰਣ ਨੂੰ ਤੁਸੀਂ ਸਭ ਚੰਗੀ ਤਰ੍ਹਾਂ ਨਾਲ ਜਾਣਦੇ ਹੋ!

ਬਾਪਦਾਦਾ ਨੂੰ ਬੱਚਿਆਂ ਦਾ ਚਾਰਟ ਦੇਖਕੇ ਮੁਸਕੁਰਾਹਟ ਵੀ ਆਉਂਦੀ, ਜਦੋਂ ਵੀ ਕਿਸੇ ਤੋਂ ਪੁੱਛੋ ਕਿ ਕੀ ਬਣਨਾ ਹੈ? ਲਕਸ਼ ਕੀ ਹੈ? ਤਾਂ ਮੈਜੋਰਿਟੀ ਦਾ ਇੱਕ ਹੀ ਜਵਾਬ ਹੁੰਦਾ ਹੈ ਨੰਬਰਵਨ ਬਣਨਾ ਹੈ। ਸੂਰਜਵੰਸ਼ੀ ਬਣਨਾ ਹੈ। ਚੰਦਰਵੰਸ਼ੀ ਰਾਜਾ ਰਾਮ -ਸੀਤਾ ਵੀ ਬਣਨਾ ਨਹੀਂ ਚਾਹੁੰਦੇ। ਪਰ ਜਦੋਂ ਲਕਸ਼ ਸੂਰਜਵੰਸ਼ੀ ਨੰਬਰਵਨ ਦਾ ਹੈ, ਤਾਂ ਜਿਵੇਂ ਦਾ ਲਕਸ਼ ਉਵੇਂ ਦੇ ਲਕਸ਼ਨ ਸਦਾ ਸੂਰਜਵੰਸ਼ ਦਾ ਦਿਖਾਈ ਦੇਣਾ ਜਰੂਰੀ ਹੈ। ਬੱਚਿਆਂ ਦਾ ਲਕਸ਼ ਸੂਰਜਵੰਸ਼ ਦਾ ਹੈ ਮਤਲਬ ਸਦਾ ਵਿਜੇਈ ਦਾ ਹੈ, ਨੰਬਰਵਨ ਸੂਰਜਵੰਸ਼ੀ ਦੀ ਨਿਸ਼ਾਨੀ ਹੈ ਸਦਾ ਵਿਜੇਈ। ਸੂਰਜ ਦੀਆਂ ਕਲਾਵਾਂ ਘੱਟ ਅਤੇ ਜਿਆਦਾ ਨਹੀਂ ਹੁੰਦੀਆਂ। ਉਦਯ ਹੁੰਦਾ ਹੈ ਅਤੇ ਅਸਤ ਹੁੰਦਾ ਹੈ ਪਰ ਚੰਦਰਵੰਸ਼ੀ ਮੁਆਫਿਕ ਕਲਾਵਾਂ ਘੱਟ ਨਹੀਂ ਹੁੰਦੀਆਂ। ਤਾਂ ਸੂਰਜਵੰਸ਼ੀ ਦੀ ਨਿਸ਼ਾਨੀ ਹੈ ਸਦਾ ਇਕਰਸ ਅਤੇ ਸਦਾ ਵਿਜੇਈ। ਚੰਦਰਵੰਸ਼ ਨੂੰ ਸ਼ਤ੍ਰੀ ਕਿਹਾ ਜਾਂਦਾ ਹੈ, ਸ਼ਤ੍ਰੀ ਜੀਵਨ ਵਿੱਚ ਕਦੀ ਹਾਰ ਹੁੰਦੀ, ਕਦੀ ਜਿੱਤ ਹੁੰਦੀ। ਕਦੀ ਸਫ਼ਲਤਾਮੂਰਤ ਅਤੇ ਕਦੀ ਮਿਹਨਤ ਦੀ ਮੂਰਤ। ਯੁੱਧ ਕਰਨਾ ਮਤਲਬ ਮਿਹਨਤ ਕਰਨਾ। ਚੰਦ੍ਰਵੰਸ਼ੀ ਦੀਆਂ ਕਲਾਵਾਂ ਇਕਰਸ ਨਹੀਂ ਹੁੰਦੀ, ਇਸਲਈ ਲਕਸ਼ ਅਤੇ ਲਕਸ਼ਨ ਨੂੰ ਸਮਾਨ ਬਣਾਓ। ਜਿਵੇਂ ਲਕਸ਼ ਰੱਖਿਆ ਹੈ ਬਾਪ ਸਮਾਨ ਬਣਨ ਦਾ, ਹਰ ਇੱਕ ਬੱਚਾ ਇਹ ਹੀ ਕਹਿੰਦਾ ਹੈ ਕਿ ਬਾਪ ਸਮਾਨ ਬਣਨਾ ਹੈ। ਤਾਂ ਬਾਪ ਸਦਾ ਸਹਿਜ ਵਿਜੇਈ ਸਵਰੂਪ ਹੈ। ਜੇਕਰ ਇਕਰਸ ਅਵਸ਼ਥਾ ਨਹੀਂ ਹੈ ਤਾਂ ਕੀ ਨੰਬਰਵਨ ਬਣਨਗੇ? ਅਤੇ ਨੰਬਰਵਾਰ ਵਿੱਚ ਆਉਣਗੇ? ਇੱਕ ਹੈ ਨੰਬਰਵਨ ਅਤੇ ਦੂਸਰਾ ਹੈ ਨੰਬਰਵਾਰ। ਤਾਂ ਆਪਣੇ ਤੋਂ ਪੁੱਛੋ ਅਸੀਂ ਨੰਬਰਵਨ ਹਾਂ ਜਾਂ ਨੰਬਰਵਾਰ ਦੀ ਲਿਸਟ ਵਿੱਚ ਹਾਂ ? ਨੰਬਰਵਨ ਮਤਲਬ ਫਾਲੋ ਬ੍ਰਹਮਾ ਬਾਪ।

ਬਾਪਦਾਦਾ ਸਹਿਜ ਸਾਧਨ ਦੱਸਦੇ ਹਨ ਕਿ ਫਾਲੋ ਕਰਨ ਵਿੱਚ ਮਿਹਨਤ ਘੱਟ ਲੱਗਦੀ ਹੈ। ਬ੍ਰਹਮਾ ਦੇ ਪੈਰ ਮਤਲਬ ਕਦਮ, ਹਰ ਕੰਮ ਵਿੱਚ ਕਦਮ ਰੂਪੀ ਪੈਰ ਦੇ ਨਿਸ਼ਾਨ ਹਨ। ਤਾਂ ਪੈਰ ਤੇ ਪੈਰ ਰੱਖਕੇ ਚੱਲਣਾ ਸਹਿਜ ਹੁੰਦਾ ਹੈ। ਨਵਾਂ ਰਸਤਾ ਨਹੀਂ ਲੱਭਣਾ ਹੈ, ਪੈਰ ਤੇ ਪੈਰ ਮਤਲਬ ਕਦਮ ਤੇ ਕਦਮ ਰੱਖਣਾ ਹੈ। ਜੋ ਵੀ ਕੰਮ ਕਰਦੇ ਹੋ ਭਾਵੇਂ ਮਨਸਾ ਸੰਕਲਪ ਕਰਦੇ ਹੋ, ਭਾਵੇਂ ਬੋਲ ਬੋਲਦੇ ਹੋ, ਭਾਵੇਂ ਕਰਮ ਵਿੱਚ ਸੰਬੰਧ - ਸੰਪਰਕ ਵਿੱਚ ਆਉਂਦੇ ਹੋ, ਹਰ ਕਰਮ ਕਰਨ ਤੋਂ ਪਹਿਲੇ ਇਹ ਸੋਚੋ ਕਿ ਜੋ ਮੈਂ ਬ੍ਰਾਹਮਣ ਆਤਮਾ ਕਰਮ ਕਰ ਰਹੀ ਹਾਂ/ਕਰ ਰਿਹਾ ਹਾਂ, ਕੀ ਇਹ ਬ੍ਰਹਮਾ ਬਾਪ ਸਮਾਨ ਹੈ? ਬ੍ਰਹਮਾ ਬਾਪ ਦਾ ਸੰਕਲਪ ਕੀ ਰਿਹਾ? ਮੇਰਾ ਸੰਕਲਪ ਵੀ ਉਸੀ ਪ੍ਰਮਾਣ ਹੈ? ਹਰ ਬੋਲ ਬ੍ਰਹਮਾ ਸਮਾਨ ਹੈ? ਜੇਕਰ ਨਹੀਂ ਹੈ ਤਾਂ ਨਹੀਂ ਕਰਨਾ ਹੈ। ਨਾ ਸੋਚਣਾ ਹੈ, ਨਾ ਬੋਲਣਾ ਹੈ, ਨਾ ਕਰਨਾ ਹੈ। ਇਵੇਂ ਨਹੀਂ ਬ੍ਰਹਮਾ ਬਾਪ ਦਾ ਕਦਮ ਇੱਕ ਅਤੇ ਬੱਚਿਆਂ ਦਾ ਕਦਮ ਦੂਸਰਾ, ਤਾਂ ਜੋ ਲਕਸ਼ ਹੈ, ਮੰਜਿਲ ਹੈ ਬਾਪ ਸਮਾਨ ਬਣਨ ਦਾ, ਉਹ ਕਿਵੇਂ ਹੋਵੇਗਾ? ਜੇਕਰ ਬ੍ਰਹਮਾ ਦੇ ਹਰ ਕਦਮ ਸਮਾਨ ਕਦਮ ਤੇ ਕਦਮ ਫਾਲੋ ਕਰਦੇ ਚੱਲੋਗੇ ਤਾਂ ਇੱਕ ਤਾਂ ਸਦਾ ਆਪਣੇ ਨੂੰ ਸਹਿਜ ਪੁਰਸ਼ਾਰਥੀ ਅਨੁਭਵ ਕਰਨਗੇ ਅਤੇ ਸਦਾ ਸੰਪੂਰਨਤਾ ਦੀ ਮੰਜਿਲ ਸਮੀਪ ਅਨੁਭਵ ਕਰਨਗੇ । ਤਾਂ ਬ੍ਰਹਮਾ ਬਾਪ ਸਮਾਨ ਮਤਲਬ ਸੰਪੂਰਨ ਮੰਜ਼ਿਲ ਤੇ

ਪਹੁੰਚਣਾ। ਤਾਂ ਬ੍ਰਹਮਾ ਬਾਪ ਵਤਨ ਵਿੱਚ ਤੁਸੀਂ ਸਭ ਬੱਚਿਆਂ ਦੇ ਸੰਪੂਰਨ ਅਵਿਅਕਤ ਫਰਿਸ਼ਤੇ ਬਣਨ ਦਾ ਆਹਵਾਨ ਕਰ ਰਹੇ ਹਨ। ਬ੍ਰਹਮਾ ਬਾਪ ਦੇ ਆਹਵਾਨ ਦਾ ਗੀਤ ਅਤੇ ਮਧੁਰ ਆਹਵਾਨ ਦਾ ਆਵਾਜ਼ ਸੁਣਾਈ ਨਹੀਂ ਦਿੰਦਾ? "ਆਓ ਬੱਚੇ, ਮਿੱਠੇ ਬੱਚੇ, ਜਲਦੀ - ਜਲਦੀ ਆਓ" ਇਹ ਗੀਤ ਅਤੇ ਬੋਲ ਸੁਣਾਈ ਨਹੀਂ ਦਿੰਦਾ? ਬ੍ਰਹਮਾ ਬਾਪ ਦਾ ਆਵਾਜ਼ ਸੁਣੋ, ਕੈਚ ਕਰੋ। ਬ੍ਰਹਮਾ ਬਾਪ ਇਹ ਹੀ ਕਹਿੰਦੇ ਕਿ ਬੱਚੇ 99 ਵਰ੍ਹੇ ਦਾ ਸੋਚਦੇ ਬਹੁਤ ਹਨ, ਕੀ ਹੋਵੇਗਾ! ਇਹ ਹੋਵੇਗਾ, ਉਹ ਹੋਵੇਗਾ …ਇਹ ਹੋਵੇਗਾ ਜਾਂ ਨਹੀਂ ਹੋਵੇਗਾ…। ਇਹ ਹੋਵੇਗਾ, ਇਸ ਸੋਚ ਵਿੱਚ ਜ਼ਿਆਦਾ ਰਹਿੰਦੇ ਹਨ। ਇਹ ਤੇ ਨਹੀਂ ਹੋਵੇਗਾ ਕਦੀ ਸੋਚਦੇ ਹੋਵੇਗਾ ਕਦੀ ਸੋਚਦੇ ਨਹੀਂ ਹੋਵੇਗਾ ਇਹ ਹੋਵੇਗਾ ਹੋਵੇਗਾ ਦਾ ਗੀਤ ਗਾਉਂਦੇ ਰਹਿੰਦੇ ਹਨ। ਪਰ ਆਪਣੇ ਫਰਿਸ਼ਤੇਪਨ ਦੇ, ਸੰਪੰਨ ਸੰਪੂਰਨ ਸਥਿਤੀ ਵਿੱਚ ਤੀਵ੍ਰਗਤੀ ਨਾਲ ਅੱਗੇ ਵਧਣ ਦਾ ਸ੍ਰੇਸ਼ਠ ਸੰਕਲਪ ਘੱਟ ਕਰਦੇ ਹਨ। ਹੋਵੇਗਾ, ਕੀ ਹੋਵੇਗਾ!... ਇਹ ਗਾ ਗਾ ਦੇ ਗੀਤ ਜ਼ਿਆਦਾ ਗਾਉਂਦੇ ਹਨ। ਬਾਪ ਕਹਿੰਦੇ ਹਨ ਕੁਝ ਵੀ ਹੋਵੇਗਾ ਪਰ ਤੁਹਾਡਾ ਲਕਸ਼ ਕੀ ਹੈ? ਜੋ ਹੋਵੇਗਾ ਉਹ ਦੇਖਣ ਅਤੇ ਸੁਣਨ ਦਾ ਲਕਸ਼ ਹੈ ਅਤੇ ਬ੍ਰਹਮਾ ਬਾਪ ਸਮਾਨ ਫਰਿਸ਼ਤਾ ਬਣਨ ਦਾ ਹੈ? ਉਸਦੀ ਤਿਆਰੀ ਕਰ ਲਈ ਹੈ? ਪ੍ਰਕ੍ਰਿਤੀ ਆਪਣਾ ਕੁਝ ਵੀ ਰੂਪ ਦਿਖਾਵੇ, ਤੁਸੀਂ ਫਰਿਸ਼ਤਾ ਬਣ, ਬਾਪ ਸਮਾਨ ਅਵਿੱਅਕਤ ਰੂਪਧਾਰੀ ਬਣ ਪ੍ਰਕ੍ਰਿਤੀ ਦੇ ਹਰ ਦ੍ਰਿਸ਼ ਨੂੰ ਦੇਖਣ ਦੇ ਲਈ ਤਿਆਰ ਹੋ? ਪ੍ਰਕ੍ਰਿਤੀ ਦੀ ਹਲਚਲ ਦੇ ਪ੍ਰਭਾਵ ਤੋਂ ਮੁਕਤ ਫ਼ਰਿਸ਼ਤੇ ਬਣੇ ਹੋ? ਆਪਣੀ ਸਥਿਤੀ ਦੀ ਤਿਆਰੀ ਵਿੱਚ ਲੱਗੇ ਹੋਏ ਹੋ ਜਾਂ ਕੀ ਹੋਵੇਗਾ - ਇਹ ਹੀ ਸੋਚਣ ਵਿੱਚ ਲੱਗੇ ਹੋ? ਕੀ ਕੋਈ ਵੀ ਪਰਿਸਥਿਤੀ ਸਾਹਮਣੇ ਆਏ ਤਾਂ ਤੁਸੀਂ ਪ੍ਰਕ੍ਰਿਤੀਪਤੀ ਆਪਣੇ ਪ੍ਰਕ੍ਰਿਤੀਪਤੀ ਦੀ ਸੀਟ ਤੇ ਸੈੱਟ ਹੋਵੋਗੇ ਜਾਂ ਅਪਸੈਟ ਹੋਵੋਗੇ? ਇਹ ਕੀ ਹੋ ਗਿਆ, ਇਹ ਹੋ ਗਿਆ … ਇਹਨਾਂ ਨਜ਼ਾਰੇ ਦੇ ਸਮਾਚਾਰਾਂ ਵਿੱਚ ਬਿਜ਼ੀ ਹੋਵੋਂਗੇ ਜਾਂ ਸੰਪੰਨਤਾ ਦੀ ਸਥਿਤੀ ਵਿੱਚ ਸਥਿਤ ਹੋ ਕਿਸੇ ਵੀ ਪ੍ਰਕ੍ਰਿਤੀ ਦੀ ਹਲਚਲ ਨੂੰ ਚਲਦੇ ਹੋਏ ਬਦਲਾਂ ਸਮਾਨ ਅਨੁਭਵ ਕਰੋਂਗੇ?

ਤਾਂ ਬ੍ਰਹਮਾ ਬਾਪ ਬਚਿਆਂ ਨੂੰ ਪੁੱਛ ਰਹੇ ਹਨ ਕਿ ਮੇਰੇ ਸਮਾਨ ਫਰਿਸ਼ਤੇ ਸਦਾਕਾਲ ਦੇ ਲਈ ਬਣੇ ਹੋ? ਕਿਉਂਕਿ ਤੁਸੀਂ ਬੱਚਿਆਂ ਨੂੰ ਵਿਅਕਤ ਵਿੱਚ ਰਹਿੰਦੇ ਅਵਿਅਕਤ ਬਣਨਾ ਹੈ। ਤੁਸੀਂ ਕਹੋਗੇ - ਬਾਪ ਤਾਂ ਅਵਿਅਕਤ ਹੋ ਗਿਆ, ਸਾਨੂੰ ਵੀ ਇਵੇਂ ਅਵਿਅਕਤ ਬਣਾ ਦਵੇ ਨਾ। ਬ੍ਰਹਮਾ ਬਾਪ ਕਹਿੰਦੇ ਹਨ ਪਹਿਲੇ ਆਪਣੇ ਕੋਲੋਂ ਪੁੱਛੋ ਕਿ ਜੋ ਵਿਸ਼ਵ ਕਲਿਆਣ ਦੀ ਜਿੰਮੇਵਾਰੀ ਦਾ ਤਾਜ ਬਾਪ ਨੇ ਪੁਆਇਆ ਹੈ, ਉਹ ਸੰਪੰਨ ਕਰ ਲਿਆ ਹੈ? ਵਿਸ਼ਵ ਕਲਿਆਣਕਾਰੀ, ਵਿਸ਼ਵ ਕਲਿਆਣ ਸੰਪੰਨ ਹੋਇਆ ਹੈ? ਬ੍ਰਹਮਾ ਬਾਪ ਤੇ ਅਵਿਅਕਤ ਇਸਲਈ ਬਣੇ ਕਿ ਬੱਚਿਆਂ ਨੂੰ ਵਿਸ਼ਵ ਕਲਿਆਣ ਦੇ ਕੰਮ ਦੇਕੇ, ਬੰਧਨ ਤੋਂ ਵੀ ਮੁਕਤ ਹੋ ਸੇਵਾ ਦੀ ਰਫ਼ਤਾਰ ਤੇਜ਼ ਕਰਨ ਦੇ ਨਿਮਿਤ ਬਣਨਾ ਸੀ, ਜਿਸਦਾ ਪ੍ਰਤੱਖ ਸਵਰੂਪ ਚਾਰੋਂ ਪਾਸੇ ਦੇਖ ਰਹੇ ਹੋ। ਭਾਵੇਂ ਦੇਸ਼ ਵਿੱਚ, ਭਾਵੇਂ ਵਿਦੇਸ਼ ਵਿੱਚ ਅਵਿਅਕਤ ਬ੍ਰਹਮਾ ਦਵਾਰਾ ਤੀਵ੍ਰਗਤੀ ਹੋਈ ਹੈ ਅਤੇ ਹੋਣੀ ਵੀ ਹੈ। ਸੇਵਾ ਵਿੱਚ ਤੀਵਰ ਗਤੀ ਦਾ ਨਿਮਿਤ, ਅਧਾਰ ਬ੍ਰਹਮਾ ਬਾਪ ਨੂੰ ਬਣਾਇਆ ਸੀ। ਪਰ ਰਾਜ ਅਧਿਕਾਰੀ ਇੱਕ ਬ੍ਰਹਮਾ ਬਾਪ ਨੂੰ ਨਹੀਂ ਬਣਨਾ ਹੈ, ਨਾਲ ਬੱਚਿਆਂ ਨੂੰ ਵੀ ਰਾਜ ਅਧਿਕਾਰ ਲੈਣਾ ਹੈ ਇਸਲਈ ਸਾਕਾਰ ਵਿੱਚ ਨਿਮਿਤ ਤੁਸੀਂ ਸਾਕਾਰ ਰੂਪਧਾਰੀ ਬੱਚਿਆਂ ਨੂੰ ਬਣਾਇਆ ਹੈ। ਪਰ ਅੰਤ ਵਿੱਚ ਆਪ ਸਭ ਬੱਚਿਆਂ ਨੂੰ ਵਿਅਕਤ ਵਿੱਚ ਅਵਿਅਕਤ ਫਰਿਸ਼ਤਾ ਬਣ ਵਿਸ਼ਵ ਕਲਿਆਣ ਦੀ ਸੇਵਾ ਦੀ ਰਫ਼ਤਾਰ ਤੀਵ੍ਰ ਕਰ ਸਮਾਪਤੀ ਅਤੇ ਸੰਪੰਨ ਹੋਣਾ ਹੈ ਅਤੇ ਕਰਨਾ ਹੈ।

ਬ੍ਰਹਮਾ ਬਾਪ ਕਹਿੰਦੇ ਹਨ ਕੀ 99 ਵਿੱਚ ਸਮਾਪਤੀ ਕਰੀਏ? ਪ੍ਰਕ੍ਰਿਤੀ ਨੂੰ ਇੱਕ ਤਾਲੀ ਵਜਾਓਣਗੇ ਅਤੇ ਪ੍ਰਕ੍ਰਿਤੀ ਤਿਆਰ ਖੜੀ ਹੈ। ਕੀ ਫ਼ਰਿਸ਼ਤੇ ਸਮਾਨ ਡਬਲ ਲਾਇਟ ਬਣ ਗਏ ਹੋ? ਘਟ ਤੋਂ ਘਟ 108 ਅਜਿਹੇ ਸਦਾ ਵਿਜੇਈ ਬਣੇ ਹਨ, ਜੋ ਕਿਸੇ ਵੀ ਤਰ੍ਹਾਂ ਦੇ ਵਿਅਰਥ ਅਤੇ ਨਿਗੇਟਿਵ ਸੰਕਲਪ, ਬੋਲ ਅਤੇ ਕਰਮ ਮਤਲਬ ਸਰਵ ਦੇ ਸੰਬੰਧ - ਸੰਪਰਕ ਵਿੱਚ ਪਾਸ ਹੋਣ? ਵਿਅਰਥ ਅਤੇ ਨੇਗਟਿਵ - ਇਹ ਬੋਝ ਸਦਾਕਾਲ ਦੇ ਲਈ ਡਬਲ ਲਾਇਟ ਫਰਿਸ਼ਤਾ ਬਣਨ ਨਹੀਂ ਦਿੰਦਾ। ਤਾਂ ਬ੍ਰਹਮਾ ਬਾਪ ਪੁੱਛਦੇ ਹਨ - ਇਸ ਬੋਝ ਤੋਂ ਹਲਕੇ ਫਰਿਸ਼ਤੇ ਬਣੇ ਹੋ? ਅੰਡਰਲਾਇਨ ਹੈ - ਸਦਾ। ਘੱਟ ਤੋਂ ਘੱਟ 108 ਤਾਂ ਸਦਾ ਫਰਿਸ਼ਤਾ ਜੀਵਨ ਦਾ ਅਨੁਭਵ ਕਰਨ ਉਦੋ ਕਹਾਂਗੇ ਬ੍ਰਹਮਾ ਬਾਪ ਸਮਾਨ ਬਣਨਾ। ਤਾਂ ਬਾਪ ਪੁੱਛਦੇ ਹਨ - ਤਾਲੀ ਵਜਾਏਂ? ਜਾਂ 2000 ਵਿੱਚ ਤਾਲੀ ਵਜਾਵੇਂ, 2001 ਤਾਲੀ ਵਜਾਵੇਂ? ਕੀ ਸੋਚਦੇ ਹੋ ਤਾਲੀ ਵੱਜੇਗੀ ਤਾਂ ਬਣ ਜਾਵਾਂਗੇ , ਇਵੇਂ? ਕੀ ਸੋਚਦੇ ਹੋ - ਤਾਲੀ ਵੱਜੇਗੀ ਉਸ ਸਮੇਂ ਬਣਾਂਗੇ? ਕੀ ਹੋਵੇਗਾ? ਵਜਾਵੇਂ ਤਾਲੀ? ਬੋਲੋ ਤਿਆਰ ਹੋ? ਪੇਪਰ ਲਈਏ? ਇਵੇਂ ਥੋੜ੍ਹੇਹੀ ਮਨ ਜਾਵਾਂਗੇ, ਪੇਪਰ ਲਵਾਂਗੇ? ਟੀਚਰਸ ਦੱਸੋ - ਪੇਪਰ ਲਈਏ? ਸਭ ਛੱਡਣਾ ਪਵੇਗਾ। ਮਧੂਬਨ ਵਾਲਿਆਂ ਨੂੰ ਮਧੂਬਨ ਛੱਡਣਾ ਪਵੇਗਾ, ਗਿਆਨ ਸਰੋਵਰ ਵਾਲਿਆਂ ਨੂੰ ਗਿਆਨ ਸਰੋਵਰ, ਸੈਂਟਰਸ ਵਾਲਿਆਂ ਨੂੰ ਸੈਂਟਰ, ਵਿਦੇਸ਼ ਵਾਲਿਆਂ ਨੂੰ ਵਿਦੇਸ਼, ਸਭ ਛੱਡਣਾ ਪਵੇਗਾ। ਤਾਂ ਏਵਰਰੇਡੀ ਹੋ? ਜੇਕਰ ਏਵਰਰੇਡੀ ਹੋ ਤਾਂ ਹੱਥ ਦੀ ਤਾੜੀ ਵਜਾਓ। ਏਵਰਰੈਡੀ? ਪੇਪਰ ਲੇਵੇਂ? ਕਲ ਅਨਾਊਂਸਮੈਂਟ ਕਰੀਏ? ਉੱਥੇ ਜਾਕੇ ਵੀ ਨਹੀਂ ਛੱਡਣਾ ਹੈ, ਉੱਥੇ ਜਾਕੇ ਥੋੜ੍ਹਾ ਠੀਕ ਕਰਕੇ ਆਵਾਂ, ਨਹੀਂ। ਜਿੱਥੇ ਹਾਂ, ਉੱਥੇ ਹਾਂ। ਇਵੇਂ ਏਵਰਰੇਡੀ। ਆਪਣਾ ਦਫ਼ਤਰ ਵੀ ਨਹੀਂ, ਖਟੀਆ ਵੀ ਨਹੀਂ, ਕਮਰਾ ਵੀ ਨਹੀਂ, ਅਲਮਾਰੀ ਵੀ ਨਹੀਂ। ਇਵੇਂ ਨਹੀਂ ਕਹਿਣਾ ਥੋੜ੍ਹਾ ਜਿਹਾ ਕੰਮ ਹੈ ਨਾ, ਦੋ ਦਿਨ ਕਰਕੇ ਆਏ। ਨਹੀਂ। ਆਡਰ ਇਜ਼ ਆਡਰ। ਸੋਚਕੇ ਹਾਂ ਕਹੋ। ਨਹੀਂ ਤਾਂ ਕਲ ਆਡਰ ਨਿਕਲੇਗਾ, ਕਿੱਥੇ ਜਾਣਾ ਹੈ, ਕਿੱਥੇ ਨਹੀਂ ਜਾਣਾ ਹੈ। ਨਿਕਲੇ ਆਡਰ, ਤਿਆਰ ਹੋ? ਇਤਨਾ ਹਿੰਮਤ ਨਾਲ ਹਾਂ ਨਹੀਂ ਕਹਿ ਰਹੇ ਹਨ। ਸੋਚ ਰਹੇ ਹਨ ਥੋੜ੍ਹਾ ਜਿਹਾ ਇੱਕ ਦਿਨ ਮਿਲ ਜਾਏ ਤਾਂ ਚੰਗਾ ਹੈ। ਮੇਰੇ ਬਿਨਾ ਇਹ ਨਹੀਂ ਹੋ ਜਾਏ, ਇਹ ਨਹੀਂ ਹੋ ਜਾਏ। ਇਹ ਵੇਸ੍ਰ ਸੰਕਲਪ ਵੀ ਨਹੀਂ ਕਰਨਾ। ਬ੍ਰਹਮਾ ਬਾਪ ਟਰਾਂਸਫਰ ਹੋਇਆ ਤਾਂ ਕੀ ਹੋਇਆ ਤਾਂ ਕੀ ਸੋਚਿਆ ਕਿ ਮੇਰੇ ਬਿਨਾ ਕੀ ਹੋਵੇਗਾ? ਚੱਲੇਗਾ, ਨਹੀਂ ਚੱਲੇਗਾ। ਚੱਲੋ ਇੱਕ ਡਾਇਰੈਕਸ਼ਨ ਤਾਂ ਦੇ ਦੇਵਾਂ, ਡਾਇਰੈਕਸ਼ਨ ਦਿੱਤਾ। ਆਪਣੀ ਸੰਪੰਨ ਸਥਿਤੀ ਦਵਾਰਾ ਡਾਇਰੈਕਸ਼ਨ ਦਿੱਤਾ। ਮੂੰਹ ਤੋਂ ਨਹੀਂ। ਇਵੇਂ ਤਿਆਰ ਹੋ? ਆਡਰ ਮਿਲਿਆ ਅਤੇ ਛੱਡੋ ਤੇ ਛੁੱਟਿਆ। ਹਲਚਲ ਕਰੋਂ ? ਇਵੇਂ ਕਰਨਾ ਹੈ - ਇਹ ਦੱਸ ਦਿੰਦੇ ਹਨ। ਆਡਰ ਹੋਵੇਗਾ, ਪੁੱਛਕੇ ਨਹੀਂ, ਤਾਰੀਖ਼ ਨਹੀਂ ਫਿਕਸ ਕਰਨਗੇ। ਅਚਾਨਕ ਆਡਰ ਦੇਣਗੇ ਆ ਜਾਓ, ਬਸ। ਇਸਨੂੰ ਕਿਹਾ ਜਾਂਦਾ ਹੈ ਡਬਲ ਲਾਇਟ

ਫਰਿਸ਼ਤਾ। ਆਡਰ ਹੋਇਆ ਅਤੇ ਚੱਲਿਆ। ਜਿਵੇਂ ਮੌਤ ਦਾ ਆਡਰ ਹੁੰਦਾ ਹੈ ਫਿਰ ਕੀ ਸੋਚਦੇ ਹਨ, ਸੈਂਟਰ ਦੇਖੋ, ਅਲਮਾਰੀ ਦੇਖੋ, ਜਿਗਿਆਸੂ ਦੇਖੋ, ਏਰੀਆ ਦੇਖੋ ...! ਅੱਜਕਲ ਤਾਂ ਮੇਰੇ - ਮੇਰੇ ਵਿੱਚ ਏਰੀਆ ਦਾ ਝਮੇਲਾ ਜ਼ਿਆਦਾ ਹੋ ਗਿਆ ਹੈ, ਮੇਰੀ ਏਰੀਆ! ਵਿਸ਼ਵ ਕਲਿਆਣਕਾਰੀ ਦੀ ਕੀ ਹੱਦ ਦੀ ਏਰੀਆ ਹੁੰਦੀ ਹੈ? ਇਹ ਸਭ ਛੱਡਣਾ ਪਵੇਗਾ। ਇਹ ਵੀ ਦੇਹ ਦਾ ਅਭਿਮਾਨ ਹੈ। ਦੇਹ ਦਾ ਭਾਨ ਫਿਰ ਵੀ ਹਲਕੀ ਚੀਜ਼ ਹੈ, ਪਰ ਦੇਹ ਦਾ ਅਭਿਮਾਨ ਇਹ ਬਹੁਤ ਸੂਖਸ਼ਮ ਹੈ। ਮੇਰਾ - ਮੇਰਾ ਇਸਨੂੰ ਹੀ ਦੇਹ ਦਾ ਅਭਿਮਾਨ ਕਿਹਾ ਜਾਂਦਾ ਹੈ। ਜਿੱਥੇ ਮੇਰਾ ਹੋਵੇਗਾ ਨਾ ਉੱਥੇ ਅਭਿਮਾਨ ਜਰੂਰ ਹੋਵੇਗਾ। ਭਾਵੇ ਆਪਣੀ ਵਿਸ਼ੇਸ਼ਤਾ ਪ੍ਰਤੀ ਹੋਵੇ, ਮੇਰੀ ਵਿਸ਼ੇਸ਼ਤਾ ਹੈ, ਮੇਰਾ ਗੁਣ ਹੈ, ਮੇਰੀ ਸੇਵਾ ਹੈ, ਇਹ ਸਭ ਮੇਰਾਪਨ - ਇਹ ਪ੍ਰਭੂ ਪ੍ਰਸਾਦ ਹੈ, ਮੇਰਾ ਨਹੀਂ। ਪ੍ਰਸਾਦ ਨੂੰ ਮੇਰਾ ਮੰਨਣਾ, ਇਹ ਦੇਹ - ਅਭਿਮਾਨ ਹੈ। ਇਹ ਅਭਿਮਾਨ ਛੱਡਣਾ ਹੀ ਸੰਪੰਨ ਬਣਨਾ ਹੈ। ਇਸਲਈ ਜੋ ਵਰਨਣ ਕਰਦੇ ਹੋ ਫਰਿਸ਼ਤਾ ਮਤਲਬ ਨਾ ਦੇਹ - ਅਭਿਮਾਨ, ਨਾ ਦੇਹ - ਭਾਨ, ਨਾ ਭਿੰਨ - ਭਿੰਨ ਮੇਰੇਪਨ ਦੇ ਰਿਸ਼ਤੇ ਹੋਣ, ਫਰਿਸ਼ਤਾ ਮਤਲਬ ਇਹ ਹੱਦ ਦਾ ਰਿਸ਼ਤਾ ਖ਼ਤਮ। ਤਾਂ ਹੁਣ ਤਿਆਰੀ ਕੀ ਕਰੋਂਗੇ? ਬ੍ਰਹਮਾ ਬਾਪ ਦਾ ਆਵਾਜ਼ ਅਟੈਂਸ਼ਨ ਨਾਲ ਸੁਣੋ, ਆਹਵਾਨ ਕਰ ਰਹੇ ਹਨ। ਬਾਪ ਕਹਿੰਦੇ ਹਨ ਸਮਾਪਤੀ ਦਾ ਨਗਾੜਾ ਵਜਾਉਣਾ ਤਾਂ ਬਹੁਤ ਸਹਿਜ ਹੈ, ਜਦੋਂ ਚਾਹੋਂ ਉਦੋਂ ਵਜਾ ਸਕਦੇ ਹਨ ਪਰ ਘਟ ਤੋਂ ਘਟ ਸਤਿਯੁਗ ਆਦਿ ਦੇ 9 ਲੱਖ ਤਾਂ ਏਵਰਰੇਡੀ ਹੋ ਨਾ! ਭਾਵੇਂ ਨੰਬਰਵਾਰ ਹੋ, ਨੰਬਰਵਨ ਤਾਂ ਥੋੜ੍ਹੇ ਹੋਣਗੇ। ਘੱਟ ਤੋਂ ਘੱਟ 108 ਨੰਬਰਵਨ, 16ਹਜ਼ਾਰ ਟੂ, 9 ਲੱਖ ਨੰਬਰ ਥ੍ਰੀ। ਪਰ ਇੰਨੇ ਤਾਂ ਤਿਆਰ ਹੋ ਜਾਣ। ਰਾਜਧਾਨੀ ਤਾਂ ਤਿਆਰ ਹੋਣੀ ਚਾਹੀਦੀ ਹੈ।

ਹੁਣ ਰਿਜ਼ਲਟ ਵਿੱਚ ਬਾਪਦਾਦਾ ਨੇ ਦੇਖਿਆ ਦੀ ਵਰਤਮਾਨ ਸਮੇਂ ਮਾਇਆ ਦਾ ਸਵਰੂਪ ਨੇਗਟਿਵ ਅਤੇ ਵਿਅਰਥ ਸੰਕਲਪ ਦਾ ਮਜ਼ੋਰਿਟੀ ਵਿੱਚ ਹੈ। ਵਿਸ਼ਵ ਕਲਿਆਣਕਾਰੀ ਦੀ ਸਟੇਜ ਹੈ - ਸਦਾ ਬੇਹੱਦ ਦੀ ਵ੍ਰਿਤੀ ਹੋਵੇ, ਦ੍ਰਿਸ਼ਟੀ ਹੋਵੇ ਅਤੇ ਬੇਹੱਦ ਦੀ ਸਥਿਤੀ ਹੋ। ਵ੍ਰਿਤੀ ਵਿੱਚ ਜ਼ਰਾ ਵੀ ਕਿਸੇ ਆਤਮਾ ਦੇ ਪ੍ਰਤੀ ਨੇਗਟਿਵ ਜਾਂ ਵਿਅਰਥ ਨਹੀਂ ਹੋਵੇ। ਨੇਗਟਿਵ ਗੱਲ ਨੂੰ ਪਰਿਵਤਨ ਕਰਨਾ, ਉਹ ਵੱਖ ਚੀਜ਼ ਹੈ। ਪਰ ਜੋ ਖੁਦ ਨੇਗਟਿਵ ਨੂੰ ਵੀ ਪੌਜੇਟਿਵ ਵਿੱਚ ਚੇਂਜ ਨਹੀਂ ਕਰ ਸਕਦਾ ਇਸਲਈ ਹਰ ਇੱਕ ਨੂੰ ਆਪਣੀ ਸੂਖਸ਼ਮ ਚੈਕਿੰਗ ਕਰਨੀ ਹੈ ਕਿ ਵ੍ਰਿਤੀ, ਦ੍ਰਿਸ਼ਟੀ ਸਰਵ ਦੇ ਪ੍ਰਤੀ ਸਦਾ ਬੇਹੱਦ ਅਤੇ ਕਲਿਆਣਕਾਰੀ ਹੈ? ਜ਼ਰਾ ਵੀ ਕਲਿਆਣ ਦੀ ਭਾਵਨਾ ਦੇ ਸਿਵਾਏ ਹੱਦ ਦੀ ਭਾਵਨਾ, ਹੱਦ ਦੇ ਸੰਕਲਪ, ਬੋਲ ਸੂਖਸ਼ਮ ਵਿੱਚ ਵੀ ਸਮਾਏ ਹੋਏ ਤਾਂ ਨਹੀਂ ਹਨ? ਜੋ ਸੂਖਸ਼ਮ ਵਿੱਚ ਸਮਾਇਆ ਹੋਇਆ ਹੁੰਦਾ ਹੈ, ਉਸਦੀ ਨਿਸ਼ਾਨੀ ਹੈ ਕਿ ਸਮੇਂ ਆਉਣ ਤੇ ਜਾਂ ਸਮੱਸਿਆ ਆਉਣ ਤੇ ਉਹ ਸੂਖਸ਼ਮ ਸਥੂਲ ਵਿੱਚ ਆਉਂਦਾ ਹੈ। ਸਦਾ ਠੀਕ ਰਹੇਗਾ ਪਰ ਸਮੇਂ ਤੇ ਉਹ ਇਮਰਜ਼ ਹੋ ਜਾਏਗਾ। ਫਿਰ ਸੋਚਦੇ ਹਨ ਇਹ ਹੈ ਹੀ ਇਵੇਂ। ਇਹ ਗੱਲ ਹੀ ਇਵੇਂ ਹੈ। ਇਹ ਵਿਅਕਤੀ ਹੀ ਅਜਿਹਾ ਹੈ। ਵਿਅਕਤੀ ਅਜਿਹਾ ਹੈ ਪਰ ਮੇਰੀ ਸਥਿਤੀ ਸ਼ੁਭ ਭਾਵਨਾ, ਬੇਹੱਦ ਦੀ ਭਾਵਨਾ ਵਾਲੀ ਹੈ ਜਾਂ ਨਹੀਂ ਹੈ? ਆਪਣੀ ਗਲਤੀ ਨੂੰ ਚੈਕ ਕਰੋ। ਸਮਝਾ।

ਗੱਲਾਂ ਨੂੰ ਨਹੀਂ ਦੇਖੋ, ਆਪਣੇ ਨੂੰ ਦੇਖੋ। ਬਸ **99** ਵਿੱਚ ਇਹ ਆਪਣੇ ਅੰਦਰ ਧੁਨ ਲਗਾਓ ਜੋ ਬ੍ਰਹਮਾ ਬਾਪ ਦਾ ਕਦਮ ਉਹ ਬ੍ਰਹਮਾ ਬਾਪ ਸਮਾਨ ਮੇਰਾ ਹਰ ਕਦਮ ਹੋਵੇ। ਬ੍ਰਹਮਾ ਬਾਪ ਨਾਲ ਸਭਨੂੰ ਪਿਆਰ ਹੈ ਨਾ। ਤਾਂ ਪਿਆਰੇ ਨੂੰ ਹੀ ਫਾਲੋ ਕੀਤਾ ਜਾਂਦਾ ਹੈ। ਬਾਪ ਸਮਾਨ ਬਣਨਾ ਹੈ। ਠੀਕ ਹੈ ਨਾ! 99 ਵਿੱਚ ਸਭ ਤਿਆਰ ਹੋ ਜਾਣਗੇ? ਇੱਕ ਵਰ੍ਹਾ ਹੈ। ਇਹ ਹੋ ਗਿਆ, ਇਹ ਹੋ ਗਿਆ... ਇਹ ਨਹੀਂ ਸੋਚਣਾ। ਇਹ ਤਾਂ ਹੋਣਾ ਹੀ ਹੈ। ਪਹਿਲੇ ਤੋਂ ਹੀ ਪਤਾ ਹੈ ਇਹ ਹੋਣਾ ਹੈ ਪਰ ਬਾਪ ਸਮਾਨ ਫਰਿਸ਼ਤਾ ਬਣਨਾ ਹੀ ਹੈ। ਸਮਝਾ। ਕਰਨਾ ਹੈ ਨਾ? ਕਰ ਸਕੋਂਗੇ? ਇੱਕ ਵਰ੍ਹੇ ਵਿੱਚ ਤਿਆਰ ਹੋ ਜਾਣਗੇ ਕਿ ਅੱਧੇ ਵਰ੍ਹੇ ਵਿੱਚ ਤਿਆਰ ਹੋ ਜਾਓਗੇ? ਤੁਹਾਡੇ ਸੰਪੰਨ ਬਣਨ ਦੇ ਲਈ ਬ੍ਰਹਮਾ ਬਾਪ ਵੀ ਆਹਵਾਨ ਕਰ ਰਿਹਾ ਹੈ ਅਤੇ ਪ੍ਰਕ੍ਰਿਤੀ ਵੀ ਇੰਤਜ਼ਾਰ ਕਰ ਰਹੀ ਹੈ। 6 ਵਰ੍ਹੇ ਵਿੱਚ ਏਵਰਰੇਡੀ ਬਣੋ, ਭਾਵੇਂ 6 ਮਹੀਨੇ ਨਹੀਂ ਤੇ ਇੱਕ ਵਰ੍ਹੇ ਵਿੱਚ ਤਾਂ ਬਣੋ। ਹਲਚਲ ਵਿੱਚ ਨਹੀਂ ਆਉਣਾ, ਅਚਲ। ਲਕਸ਼ ਨਹੀਂ ਛੱਡਣਾ, ਬਾਪ ਸਮਾਨ ਬਣਨਾ ਹੀ ਹੈ, ਕੁਝ ਵੀ ਹੋ ਜਾਏ। ਭਾਵੇਂ ਕੋਈ ਬ੍ਰਾਹਮਣ ਹਿਲਾਵੇ, ਬ੍ਰਾਹਮਣ ਰੁਕਾਵਟ ਬਣਕੇ ਸਾਹਮਣੇ ਆਏ ਫਿਰ ਵੀ ਸਾਨੂੰ ਸਮਾਨ ਬਣਨਾ ਹੀ ਹੈ। ਪਸੰਦ ਹੈ ਇਹ ਰਾਏ? (ਬਾਪਦਾਦਾ ਨੇ ਸਭ ਕੋਲੋਂ ਹੱਥ ਉਠਵਾਇਆ ਅਤੇ ਸਭ ਦਾ ਵੀਡੀਓ, ਫੋਟੋ ਨਿਕਲਵਾਇਆ ) ਇਹ ਫੋਟੋ ਸਭ ਨੂੰ ਭੇਜਣਗੇ। ਇੱਥੇ ਦੀ ਮੂਵੀ ਵਿੱਚ ਕੋਈ ਮਿਸ ਵੀ ਹੋ ਸਕਦਾ ਹੈ। ਵਤਨ ਦੀ ਮੂਵੀ ਵਿੱਚ ਤਾਂ ਕੋਈ ਮਿਸ ਨਹੀਂ ਹੋ ਸਕਦਾ ਹੈ।

ਅੱਛਾ, ਬਾਪ ਕਹਿੰਦੇ ਹੈ ਇੱਕ ਸੈਕਿੰਡ ਵਿੱਚ ਸਭ ਹਾਲੇ -ਹਾਲੇ ਵਿਦੇਹੀ ਬਣ ਸਕਦੇ ਹੋ? ਤਾਂ ਹੁਣ ਇੱਕ ਸੈਕਿੰਡ ਵਿੱਚ ਵਿਦੇਹੀ ਸਥਿਤੀ ਵਿੱਚ ਸਥਿਤ ਹੋ ਜਾਓ। (ਡ੍ਰਿਲ) ਅੱਛਾ, ਹੁਣ ਦੇਹ ਵਿੱਚ ਆ ਜਾਓ। ਹੁਣ ਫਿਰ ਵਿਦੇਹੀ ਬਣ ਜਾਓ। ਇਵੇਂ ਸਾਰੇ ਦਿਨ ਵਿੱਚ - ਵਿੱਚ ਇੱਕ ਸੈਕਿੰਡ ਵੀ ਮਿਲੇ, ਤਾਂ ਬਾਰ -ਬਾਰ ਇਹ ਅਭਿਆਸ ਕਰਦੇ ਰਹੋ। ਅੱਛਾ।

ਸਰਵ ਸ਼੍ਰੇਸ਼ਠ ਬ੍ਰਾਹਮਣ ਆਤਮਾਵਾਂ ਨੂੰ ਸਦਾ ਬ੍ਰਹਮਾ ਬਾਪ ਦੇ ਕਦਮ ਤੇ ਕਦਮ ਰੱਖਣ ਵਾਲੇ ਫਾਲੋ ਫਾਦਰ ਆਗਿਆਕਾਰੀ ਬੱਚਿਆਂ ਨੂੰ, ਸਦਾ ਬ੍ਰਹਮਾ ਸਮਾਨ ਫਰਿਸ਼ਤਾ ਸਥਿਤੀ ਵਿੱਚ ਸਥਿਤ ਰਹਿਣ ਵਾਲੇ ਸਮੀਪ ਆਤਮਾਵਾਂ ਨੂੰ, ਸਦਾ ਪ੍ਰਕ੍ਰਿਤੀਪਤੀ ਬਣ ਪ੍ਰਕ੍ਰਿਤੀ ਦੇ ਹਰ ਦ੍ਰਿਸ਼ ਨੂੰ ਸਾਕਸ਼ੀ ਹੋ ਦੇਖਣ ਵਾਲੇ ਅਚਲ - ਅਡੋਲ ਆਤਮਾਵਾਂ ਨੂੰ, ਸਦਾ ਬੇਹੱਦ ਦੀ ਵ੍ਰਿਤੀ ਅਤੇ ਦ੍ਰਿਸ਼ਟੀ ਵਿੱਚ ਰਹਿਣ ਵਾਲੇ ਭਾਗਵਾਨ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ। ਬਾਹਰ ਜੋ ਵੀ ਸੁਣ ਰਹੇ ਹਨ ਭਾਵੇਂ ਦੇਸ਼ ਵਿੱਚ, ਭਾਵੇਂ ਵਿਦੇਸ਼ ਵਿੱਚ ਉਹਨਾਂ ਬੱਚਿਆਂ ਨੂੰ ਵੀ ਵਿਸ਼ੇਸ਼ ਯਾਦਪਿਆਰ।

ਵਰਦਾਨ:- ਅਵਿਨਾਸ਼ੀ ਪ੍ਰਾਪਤੀਆਂ ਦੀ ਸਮ੍ਰਿਤੀ ਨਾਲ ਆਪਣੇ ਸ਼੍ਰੇਸ਼ਠ ਭਾਗ ਦੀ ਖੁਸ਼ੀ ਵਿੱਚ ਰਹਿਣ ਵਾਲੇ ਇੱਛਾ ਮਾਤਰਮ ਅਵਿੱਦਿਆ ਭਵ

ਜਿਸਦਾ ਬਾਪ ਹੀ ਭਾਗ ਵਿਧਾਤਾ ਹੋਵੇ ਉਸਦਾ ਭਾਗ ਕੀ ਹੋਵੇਗਾ! ਸਦਾ ਇਹ ਹੀ ਖੁਸ਼ੀ ਰਹੇ ਕਿ ਭਾਗ ਤੇ ਸਾਡਾ ਜਨਮਸਿੱਧ ਅਧਿਕਾਰ ਹੈ। "ਵਾਹ ਮੇਰੇ ਸ਼੍ਰੇਸ਼ਠ ਭਾਗ ਅਤੇ ਭਾਗ ਵਿਧਾਤਾ ਬਾਪ" ਇਹ ਗੀਤ ਗਾਉਂਦੇ ਖੁਸ਼ੀ ਵਿੱਚ ਉੱਡਦੇ ਰਹੋ। ਅਜਿਹਾ ਅਵਿਨਾਸ਼ੀ ਖਜ਼ਾਨਾ ਮਿਲਿਆ ਹੈ ਜੋ ਅਨੇਕ ਜਨਮ ਨਾਲ ਰਹੇਗਾ, ਕੋਈ ਖੋਹ ਨਹੀਂ ਸਕਦਾ, ਲੁੱਟ ਨਹੀਂ ਸਕਦਾ। ਕਿੰਨਾ ਵੱਡਾ ਭਾਗ ਹੈ ਜਿਸ ਵਿੱਚ ਕੋਈ ਇੱਛਾ ਨਹੀਂ, ਮਨ ਦੀ ਖੁਸ਼ੀ ਮਿਲ ਗਈ ਤਾਂ ਸਰਵ ਪ੍ਰਾਪਤੀਆਂ ਹੋ ਗਈ। ਕੋਈ ਅਪ੍ਰਾਪ੍ਤ ਵਸਤੂ ਹੈ ਹੀ ਨਹੀਂ ਇਸਲਈ ਇੱਛਾ ਮਾਤਰਮ ਅਵਿਧਾ ਬਣ ਗਏ।

ਸਲੋਗਨ:- ਵਿਕਰਮ ਵਿਨਾਸ਼ ਦਾ ਟਾਇਮ ਬੀਤ ਗਿਆ, ਹੁਣ ਵਿਅਰਥ ਸੰਕਲਪ, ਬੋਲ ਵੀ ਬਹੁਤ ਧੋਖਾ ਦਿੰਦੇ ਹਨ।

******

ਸੂਚਨਾ:- ਅੱਜ ਮਹੀਨੇ ਦਾ ਤੀਸਰਾ ਰਵਿਵਾਰ ਅੰਤਰਰਾਸ਼ਟਰੀ ਯੋਗ ਦਿਵਸ ਹੈ, ਸਾਰੇ ਬ੍ਰਹਮਾ ਵਤਸ ਸੰਗਠਿਤ ਰੂਪ ਵਿੱਚ ਸ਼ਾਮ 6.30 ਤੋਂ 7.30 ਵਜੇ ਤੱਕ ਆਪਣੇ ਨਿਰਾਕਾਰੀ ਸਵਰੂਪ ਵਿੱਚ ਸਥਿਤ ਹੋ, ਪਰਮਧਾਮ ਘਰ ਦੀ ਅਸੀਮ ਸ਼ਾਂਤੀ, ਪ੍ਰੇਮ ਅਤੇ ਪਵਿੱਤਰਤਾ ਦਾ ਅਨੁਭਵ ਕਰਨ। ਮਨ -ਬੁੱਧੀ ਨੂੰ ਇਕਾਗਰ ਕਰ ਬੀਜ਼ਰੂਪ ਸਥਿਤੀ ਦਾ ਅਨੁਭਵ ਕਰਨ।